**Series RHB**

**Code No. 6**

Candidates must write the Code on the title page of the answer-book.

Roll No. | | | | | | | |

- Please check that this question paper contains **15** printed pages.
- Code number given on the right hand side of the question paper should be written on the title page of the answer-book by the candidate.
- Please check that this question paper contains **IV** questions.
- **Please write down the Serial Number of the question before attempting it.**
- 15 minutes time has been allotted to read this question paper. The question paper will be distributed at 10.15 a.m. From 10.15 a.m. to 10.30 a.m., the students will read the question paper only and will not write any answer on the answer script during this period.

## SUMMATIVE ASSESSMENT – II

## ਸੰਕਲਿਤ ਪ੍ਰੀਖਿਆ – II

# PUNJABI

# ਪੰਜਾਬੀ

*Time allowed : 3 hours* *Maximum Marks : 80*

*ਸਮਾਂ ਸੀਮਾਂ : 3 ਘੰਟੇ* *ਪੂਰਨ ਅੰਕ : 80*

**ਨੋਟ :** *ਲਿਖਾਈ ਸ਼ੁਧ, ਸੁੰਦਰ ਅਤੇ ਖੁੱਲ੍ਹੀ-ਖੁੱਲ੍ਹੀ ਕਰਨ ਦਾ ਜਤਨ ਕਰੋ ।*

**I.** ਹੇਠ ਦਿੱਤੇ ਅਣਡਿੱਠੇ ਪੈਰਿਆਂ ਹੇਠ ਦਿੱਤੇ ਪ੍ਰਸ਼ਨਾਂ ਦੇ ਬਹੁਵਿਕਲਪੀ ਉੱਤਰਾਂ ਵਿੱਚੋਂ ਸਹੀ ਉੱਤਰ ਚੁਣੋ : *1×5=5*

**1.** ਮਿੱਤਰਤਾ ਹੀ ਜ਼ਿੰਦਗੀ ਦੀ ਉਚਾਈ ਦਾ ਨਾਪ ਹੈ । ਮਿੱਤਰ ਬਣਨ ਲਈ ਬੜੀਆਂ ਕੋਮਲ ਸਿਫਤਾਂ ਚਾਹੀਦੀਆਂ ਹਨ । ਮਿੱਤਰਤਾ ਜ਼ਿੰਦਗੀ ਦਾ ਅਤਿ ਸੋਹਣਾ ਦ੍ਰਿਸ਼ ਹੈ । ਮਿੱਤਰ ਲਈ ਕੁਰਬਾਨ ਹੋ ਜਾਣ ਨਾਲੋਂ ਪ੍ਰੇਰਨਾ ਭਰੀ, ਮਨ ਸ਼ੁਧ ਕਰਨ ਵਾਲੀ ਘਟਨਾ, ਘੱਟ ਹੀ ਹੋਰ ਕੋਈ ਖ਼ਿਆਲ ਕੀਤੀ ਜਾ ਸਕਦੀ ਹੈ । ਗਾਹਕ ਨੂੰ ਮਿੱਤਰ ਬਣਾਓ, ਮਾਤਹਿਤ ਨੂੰ ਮਿੱਤਰ ਬਣਾਓ, ਗੁਆਂਢੀ ਨੂੰ ਮਿੱਤਰ ਬਣਾਓ । ਜਿਸ ਨਾਲ ਤੁਹਾਡਾ ਵਾਹ ਪੈਂਦਾ ਹੈ । ਜਦ ਤੱਕ ਤੁਸੀਂ ਉਸ ਨੂੰ ਆਪਣਾ ਮਿੱਤਰ ਬਣਾਉਣ ਵਿੱਚ ਕਾਮਯਾਬ ਨਹੀਂ ਹੁੰਦੇ, ਤੁਹਾਡਾ ਤੌਖਲਾ ਦੂਰ ਨਹੀਂ ਹੋਵੇਗਾ । ਸਭ ਡਰ, ਸਭ ਸਹਿਮ, ਸਭ ਝੋਰੇ ਇਸ ਲਈ ਹਨ, ਕਿ ਦੂਜੀ ਧਿਰ ਦੀ ਮਿੱਤਰਤਾ ਦਾ ਯਕੀਨ ਨਹੀਂ ਹੁੰਦਾ । ਮਿੱਤਰਾਂ ਸਾਮ੍ਹਣੇ ਸਾਡੀ ਜ਼ਬਾਨ ਵੀ ਸਾਫ਼ ਤੁਰਦੀ ਹੈ, ਸਾਡਾ ਕਦਮ ਵੀ ਤਿੱਖਾ ਪੁੱਟਿਆ ਜਾਂਦਾ ਹੈ । ਸਾਨੂੰ ਅਕਲਾਂ ਵੀ ਸੁਝਦੀਆਂ ਹਨ, ਪਰ ਜਦੋਂ ਦੂਜੀ ਧਿਰ ਦੀ ਮਿੱਤਰਤਾ ਦਾ ਸ਼ਕ ਹੁੰਦਾ ਹੈ, ਉੱਥੇ ਹੀ ਸਾਡੀ ਜ਼ਬਾਨ ਥਿੜਕ ਜਾਂਦੀ ਹੈ ।

(i) ਮਿੱਤਰਤਾ ਨੂੰ ਕਿਸ ਦੀ ਉਚਾਈ ਦਾ ਨਾਪ ਕਿਹਾ ਗਿਆ ਹੈ ?

(ੳ) ਪਹਾੜ ਦੀ

(ਅ) ਜ਼ਮੀਨ ਦੀ

(ੲ) ਜ਼ਿੰਦਗੀ ਦੀ

(ਸ) ਘਰ ਦੀ

(ii) ਕਿਸ ਲਈ ਕੁਰਬਾਨ ਹੋਣ ਬਾਰੇ ਕਿਹਾ ਜਾ ਸਕਦਾ ਹੈ ?

(ੳ) ਮਾਪਿਆਂ ਲਈ

(ਅ) ਦੇਸ ਲਈ

(ੲ) ਕੌਮ ਲਈ

(ਸ) ਮਿੱਤਰ ਲਈ

(iii) ਡਰ, ਸਹਿਮ ਤੇ ਝੋਰਾ ਦੂਰ ਕਰਨ ਲਈ ਕਿਸ ਉੱਤੇ ਯਕੀਨ ਕਰਨਾ ਚਾਹੀਦਾ ਹੈ ?

(ੳ) ਡਾਕਟਰ ਉੱਤੇ

(ਅ) ਅਧਿਆਪਕ ਉੱਤੇ

(ੲ) ਮਿੱਤਰ ਉੱਤੇ

(ਸ) ਦੂਜੀ ਧਿਰ ਉੱਤੇ

(iv) ਮਿੱਤਰਤਾ ਵਿੱਚ ਕਿਸ ਲਈ ਥਾਂ ਨਹੀਂ ਹੁੰਦੀ ?

(ੳ) ਸ਼ਰਮ

(ਅ) ਸ਼ੱਕ

(ੲ) ਸਨੇਹ

(ਸ) ਦੁਬਿਧਾ

(v) ਕਿਸ ਬਿਨਾ ਮਨੁਖੀ ਜੀਵਨ ਅਧੂਰਾ ਜਾਪਦਾ ਹੈ ?

(ੳ) ਟੀ.ਵੀ.

(ਅ) ਅਧਿਆਪਕ

(ੲ) ਮਿੱਤਰ

(ਸ) ਸਿਨੇਮਾ

**2.** ਸ਼ਰਾਬ ਦੇ ਅਰਥ ਵਿਦਵਾਨਾਂ ਨੇ ਸ਼ਰਾਰਤ ਭਰਿਆ ਪਾਣੀ ਕੀਤੇ ਹਨ । ਇਹ ਸ਼ਰਾਰਤ ਐਸੀ ਹੁੰਦੀ ਹੈ ਕਿ ਸ਼ਰਾਰਤ ਦੇ ਪਿਆਲੇ ਵਿੱਚ ਰਾਜ ਭਾਗ ਰੁੜ੍ਹ ਜਾਂਦੇ ਹਨ । ਇਸ ਨਾਲ ਰਾਜਿਆਂ ਦੇ ਰਾਜ ਭਾਗ ਤਾਂ ਤਬਾਹ ਹੁੰਦੇ ਹੀ ਹਨ, ਸਧਾਰਨ ਘਰਾਂ ਦੀ ਸੁੱਖ-ਸਾਂਤੀ ਵੀ ਕਾਫੂਰ ਹੋ ਜਾਂਦੀ ਹੈ । ਜਦੋਂ ਨਸ਼ੇ ਵਿੱਚ ਗੁੱਟ ਲੜਖੜਾਉਂਦਾ ਸ਼ਰਾਬੀ ਘਰ ਆਏਗਾ ਤਾਂ ਬੀਵੀ ਬੱਚਿਆਂ ਨੂੰ ਸਲੋਕ ਹੀ ਸੁਣਾਏਗਾ ਜਾਂ ਬੋ-ਮਾਰਦਾ ਪੈ ਜਾਏਗਾ, ਬੇਸੁਰਤ ਹੋਇਆ । ਧਨ ਦੀ ਹਾਨੀ ਉਹ ਕਰਕੇ ਆਏਗਾ, ਜਿਸ ਨਾਲ ਘਰ ਦਾ ਆਰਥਕ ਸੰਤੁਲਨ ਵਿਗੜ ਜਾਏਗਾ । ਉਸਨੂੰ ਖ਼ੁਦ ਵੀ ਸ਼ਰਾਬ ਪੀ ਜਾਏਗੀ । ਉਸ ਦੀ ਸਿਹਤ ਖ਼ਰਾਬ ਹੋ ਜਾਏਗੀ । ਜਿਹੜਾ ਪੈਸਾ ਪਰਵਾਰ ਦੀ ਖਾਧ-ਖੁਰਾਕ ਅਤੇ ਬਿਹਤਰੀ ਉੱਤੇ ਖ਼ਰਚ ਹੋਣਾ ਹੈ, ਉਹ ਪੈਸਾ

ਸ਼ਰਾਬ ਉੱਤੇ ਉਜਾੜਨ ਨਾਲ ਪਰਵਾਰ ਨੂੰ ਚੰਗੀ ਖ਼ੁਰਾਕ ਨਹੀਂ ਮਿਲ ਸਕੇਗੀ । ਜਿਸ ਕਰਕੇ ਉਹਨਾਂ ਦੇ ਸਰੀਰ, ਬੁੱਧੀ ਅਤੇ ਮਨ ਵੀ ਕਮਜ਼ੋਰ ਹੋਣਗੇ ।

ਆਂਢੀਆਂ-ਗੁਆਂਢੀਆਂ ਦੀ ਜ਼ਬਾਨਾਂ ਅਤੇ ਨਜ਼ਰਾਂ ਤੋਂ ਸ਼ਰਾਬੀ ਦੀ ਬੀਵੀ ਬੱਚੇ ਅਖਵਾਉਣ ਤੋਂ ਉਹ ਬਚ ਨਹੀਂ ਸਕਣਗੇ । ਹਾਂ, ਸ਼ਰਾਬੀ ਪਰਵਾਰ ਭਾਵੇਂ ਓਨੀਂ ਭੈੜੀ ਨਿਗਾਹ ਨਾਲ ਇੱਕ ਦੂਜੇ ਨੂੰ ਨਾ ਦੇਖਣ । ਸ਼ਰਾਬ ਮਨੁੱਖ ਦੀ ਬਰਬਾਦੀ ਕਰਦੀ ਹੈ । ਮਨੁੱਖ ਨੂੰ ਇਸ ਬਰਬਾਦੀ ਤੋਂ ਬਚਾਉਣ ਲਈ, ਧਰਮ ਦੇ ਰਸਤੇ ਚਲਣ ਦੀ ਸਿੱਖਿਆ ਦਿਤੀ ਜਾਂਦੀ ਹੈ । ਹਰ ਧਰਮ ਨੇ ਇਸ ਨੂੰ ਪੀਣ ਦੀ ਨਖੇਧੀ ਕੀਤੀ ਹੈ । *1×5=5*

(i) ਕਿਸ ਨੂੰ ਸ਼ਰਾਰਤ ਭਰਿਆ ਪਾਣੀ ਕਿਹਾ ਗਿਆ ਹੈ ?

(ੳ) ਸ਼ਰਬਤ

(ਅ) ਮਿੱਠੇ ਪਾਣੀ

(ੲ) ਸ਼ਰਾਬ

(ਸ) ਕੌੜੇ ਪਾਣੀ

(ii) ਉਪਰੋਕਤ ਪੈਰੇ ਵਿੱਚ ਕਿਸ ਆਦਮੀ ਬਾਰੇ ਜ਼ਿਕਰ ਕੀਤਾ ਗਿਆ ਹੈ ?

(ੳ) ਬਿਮਾਰ ਬਾਰੇ

(ਅ) ਭੁੱਖੇ ਬਾਰੇ

(ੲ) ਕਵੀ ਬਾਰੇ

(ਸ) ਸ਼ਰਾਬੀ ਬਾਰੇ

(iii) ਕਿਸ ਦੇ ਬਗ਼ੈਰ ਸਰੀਰ-ਬੁੱਧੀ ਤੇ ਮਨ ਕਮਜ਼ੋਰ ਹੋ ਜਾਂਦੇ ਹਨ ?

(ੳ) ਮਾਸ-ਮੱਛੀ

(ਅ) ਚੰਗੀ ਖ਼ੁਰਾਕ

(ੲ) ਦਵਾਈਆਂ

(ਸ) ਦੁੱਧ-ਦਹੀ

(iv) ਕਿਹੜਾ ਰਾਹ ਸ਼ਰਾਬ ਦੀ ਨਿਖੇਧੀ ਦੀ ਸਿੱਖਿਆ ਦਿੰਦਾ ਹੈ ?

(ੳ) ਈਮਾਨਦਾਰੀ ਦਾ

(ਅ) ਸਚਾਈ ਦਾ

(ੲ) ਪਵਿਤਰਤਾ ਦਾ

(ਸ) ਧਰਮ ਦਾ

(v) 'ਸ਼' ਅੱਖਰ ਤੋਂ ਕਿਹੜਾ ਸ਼ਬਦ ਬਣਦਾ ਹੈ, ਜਿਸ ਨਾਲ ਸਿਹਤ ਤੇ ਆਰਥਕ ਸੰਤੁਲਨ ਵਿਗੜ ਜਾਂਦੇ ਹਨ ?

(ੳ) ਸ਼ਰਾਰਤ

(ਅ) ਸ਼ਿਕਾਇਤ

(ੲ) ਸ਼ਰਾਬ

(ਸ) ਸ਼ਰਬਤ

**II. 1.** ਹੇਠ ਲਿਖੇ ਪ੍ਰਸ਼ਨਾਂ ਦੇ ਬਹੁਵਿਕਲਪੀ ਉੱਤਰਾਂ ਵਿੱਚੋਂ ਸਹੀ ਉੱਤਰ ਚੁਣੋ ।
ਲਕੀਰੇ ਸ਼ਬਦ ਦੀ ਪਦ-ਵੰਡ ਕਰੋ । *1×4=4*

(i) <u>ਗਰਮੀਆਂ</u> ਵਿੱਚ ਮਾਰੂਥਲ ਤਪ ਰਿਹਾ ਹੁੰਦਾ ਹੈ ।

(ੳ) ਵਿਸ਼ੇਸ਼ਣ, ਗੁਣ ਵਾਚਕ ਵਿਸ਼ੇਸ਼ਣ, ਪੁਲਿੰਗ, ਇੱਕ ਵਚਨ ।

(ਅ) ਵਿਸ਼ੇਸ਼ਣ, ਸੰਖਿਆ ਵਾਚਕ ਵਿਸ਼ੇਸ਼ਣ, ਇਸਤਰੀ ਲਿੰਗ, ਇੱਕ ਵਚਨ ।

(ੲ) ਵਿਸ਼ੇਸ਼ਣ, ਗੁਣ ਵਾਚਕ ਵਿਸ਼ੇਸ਼ਣ, ਇਸਤਰੀ ਲਿੰਗ, ਬਹੁ-ਵਚਨ ।

(ਸ) ਵਿਸ਼ੇਸ਼ਣ, ਪੜਨਾਵੀ ਵਿਸ਼ੇਸ਼ਣ, ਪੁਲਿੰਗ, ਇਸਤਰੀ ਲਿੰਗ ।

(ii) ਜਦੋਂ <u>ਉਹ</u> ਘਰ ਗਿਆ ਨੇਹਾ ਹਾਲੇ ਨਹੀਂ ਪਹੁੰਚੀ ਸੀ ।

(ੳ) ਪੜਨਾਂਵ, ਪੁਰਖ ਵਾਚਕ ਪੜਨਾਂਵ, ਤੀਜਾ ਪੁਰਖ, ਇੱਕ ਵਚਨ, ਪੁਲਿੰਗ, ਕਰਤਾ ਕਾਰਕ, 'ਗਿਆ' ਕਿਰਿਆ ਦਾ ਕਰਤਾ ।

(ਅ) ਪੜਨਾਂਵ, ਪੁਰਖ ਵਾਚਕ ਪੜਨਾਂਵ, ਦੂਜਾ ਪੁਰਖ, ਬਹੁ-ਵਚਨ ਪੁਲਿੰਗ, ਕਰਤਾ ਕਾਰਕ 'ਪਹੁੰਚੀ ਸੀ' ਕਿਰਿਆ ਦਾ ਕਰਤਾ ।

(ੲ) ਪੜਨਾਂਵ, ਪੁਰਖ ਵਾਚਕ ਪੜਨਾਂਵ, ਪਹਿਲਾ ਪੁਰਖ, ਇੱਕ ਵਚਨ, ਪੁਲਿੰਗ, ਕਰਤਾ ਕਾਰਕ, 'ਗਿਆ' ਕਿਰਿਆ ਦਾ ਕਰਤਾ ।

(ਸ) ਪੜਨਾਂਵ, ਪੁਰਖ ਵਾਚਕ ਪੜਨਾਂਵ, ਤੀਜਾ ਪੁਰਖ, ਇਸਤਰੀ ਲਿੰਗ, ਕਰਤਾ ਕਾਰਕ, 'ਗਿਆ' ਕਿਰਿਆ ਦਾ ਕਰਤਾ ।

(iii) 'ਲੇਖਕ' ਨੇ ਕਹਾਣੀ ਲਿਖੀ :

(ੳ) ਨਾਂਵ, ਖ਼ਾਸਨਾਂਵ, ਪੁਲਿੰਗ, ਇੱਕ ਵਚਨ, ਕਰਤਾ ਕਾਰਕ, ਸਧਾਰਨ ਕਾਰਕ ਰੂਪ, 'ਲਿਖੀ' ਕਿਰਿਆ ।

(ਅ) ਨਾਂਵ, ਆਮਨਾਂਵ, ਪੁਲਿੰਗ, ਇੱਕ ਵਚਨ, ਕਰਤਾ ਕਾਰਕ, ਸੰਬੰਧਕੀ ਕਾਰਕ ਰੂਪ, 'ਲਿਖੀ' ਕਿਰਿਆ ਦਾ ਕਰਤਾ ।

(ੲ) ਨਾਂਵ, ਖ਼ਾਸਨਾਂਵ, ਪੁਲਿੰਗ, ਬਹੁ-ਵਚਨ, ਕਰਤਾ ਕਾਰਕ, ਸਧਾਰਨ ਕਾਰਕ ਰੂਪ, 'ਲਿਖੀ' ਕਿਰਿਆ ਦਾ ਕਰਤਾ ।

(ਸ) ਨਾਂਵ, ਆਮਨਾਂਵ, ਇਸਤਰੀ ਲਿੰਗ, ਇੱਕ ਵਚਨ, ਕਰਤਾ ਕਾਰਕ, ਸਧਾਰਨ ਕਾਰਕ ਰੂਪ, 'ਲਿਖੀ' ਕਹਾਣੀ ਦਾ ਕਰਤਾ ।

(iv) ਬੱਚਾ ਦੁੱਧ ਪੀਂਦਾ ਹੈ ।

(ੳ) ਨਾਂਵ, ਖਾਸਨਾਂਵ, ਇਸਤਰੀ ਲਿੰਗ, ਇੱਕ ਵਚਨ, ਕਰਤਾ ਕਾਰਕ, ਸੰਮਿਲਿਤ ਰੂਪ ।

(ਅ) ਨਾਂਵ, ਖਾਸਨਾਂਵ, ਬਹੁ-ਵਚਨ, ਪੁਲਿੰਗ, ਕਰਮ ਕਾਰਕ, ਸਧਾਰਨ ਰੂਪ ।

(ੲ) ਨਾਂਵ, ਵਸਤ ਵਾਚਕ ਨਾਂਵ, ਪੁਲਿੰਗ, ਇੱਕ ਵਚਨ, ਕਰਮ ਕਾਰਕ, ਸਧਾਰਨ ਕਾਰਕ ਰੂਪ, ਪੀਂਦਾ ਹੈ ਕਿਰਿਆ ।

(ਸ) ਨਾਂਵ, ਆਮਨਾਂਵ, ਪੁਲਿੰਗ, ਇੱਕ ਵਚਨ, ਕਰਤਾ ਕਾਰਕ, ਸੰਬੰਧਕੀ ਰੂਪ, ਪੀਂਦਾ ਕਿਰਿਆ ।

**2.** ਹੇਠ ਲਿਖੇ ਪ੍ਰਸ਼ਨਾਂ ਦੇ ਬਹੁਵਿਕਲਪੀ ਉੱਤਰਾਂ ਵਿੱਚੋਂ ਸਹੀ ਉੱਤਰ ਚੁਣੋ : *1×4=4*

(i) 'ਉਹ ਦਫ਼ਤਰ ਹਮੇਸ਼ਾ ਆਉਂਦਾ ਹੈ' ਵਾਕ ਨੂੰ ਨਾਂਹ ਵਾਚਕ ਰੂਪ ਵਿੱਚ ਤਬਦੀਲ ਕਰਨ ਲਈ ਕਿਹੜਾ ਵਾਕ ਠੀਕ ਹੈ ?

(ੳ) ਉਹ ਦਫ਼ਤਰੋਂ ਛੁੱਟੀ ਲੈਂਦਾ ਹੈ ।

(ਅ) ਉਹ ਰੋਜ਼ ਦਫ਼ਤਰ ਨਹੀਂ ਜਾਂਦਾ ।

(ੲ) ਉਹ ਦਫ਼ਤਰ ਤੋਂ ਕਦੇ ਗ਼ੈਰ-ਹਾਜ਼ਰ ਨਹੀਂ ਹੁੰਦਾ ।

(ਸ) ਉਹ ਦਫ਼ਤਰ ਜਾਂਦਾ ਹੈ ਛੁੱਟੀ ਨਹੀਂ ਲੈਂਦਾ ।

(ii) 'ਉਸ ਨੂੰ ਸਾਰੇ ਜਾਣਦੇ ਹਨ' ਵਾਕ ਦਾ ਸਹੀ ਨਾਂਹ ਵਾਚਕ ਰੂਪ ਚੁਣੋ :

(ੳ) ਉਹ ਸਾਰਿਆ ਤੋਂ ਅਨਜਾਣ ਨਹੀਂ ।

(ਅ) ਉਹ ਸਭ ਨੂੰ ਪਛਾਣਦਾ ਨਹੀਂ ।

(ੲ) ਉਹ ਆਪਣੇ ਦੋਸਤਾ ਬਾਰੇ ਜਾਣਕਾਰੀ ਲੈਂਦਾ ਹੈ ।

(ਸ) ਉਸ ਨੂੰ ਕੌਣ ਨਹੀਂ ਜਾਣਦਾ ।

(iii) 'ਕਾਸ਼ ! ਮੈਂ ਮੁੱਖ ਮੰਤਰੀ ਹੁੰਦਾ !' ਵਿਸਮਕ ਵਾਕ ਦਾ ਠੀਕ ਸਧਾਰਨ ਰੂਪ ਚੁਣੋ :

(ੳ) ਚੰਗਾ ਹੁੰਦਾ ਜੇ ਮੈਂ ਮੁੱਖ ਮੰਤਰੀ ਹੁੰਦਾ ।

(ਅ) ਮੇਰੀ ਇੱਛਾ ਮੁੱਖ ਮੰਤਰੀ ਬਣਨ ਦੀ ਹੈ ।

(ੲ) ਮੁੱਖ ਮੰਤਰੀ ਬਣਨ ਦੀ ਬੜੀ ਖਵਾਹਿਸ਼ ਹੈ ।

(ਸ) ਮੇਰੀ ਇੱਛਾ ਹੈ ਮੈਂ ਤਾਂ ਮੁੱਖ ਮੰਤਰੀ ਹੁੰਦਾ ।

(iv) 'ਮੈਨੂੰ ਚਾਹ ਦਾ ਕੱਪ ਦਿਓ' ਸਧਾਰਨ ਤੋਂ ਪ੍ਰਸ਼ਨਿਕ ਬਣਾਉਣ ਲਈ ਕਿਹੜਾ ਢੁਕਵਾਂ ਵਾਕ ਹੈ :

(ੳ) ਕੀ ਤੁਸੀਂ ਮੈਨੂੰ ਚਾਹ ਦਾ ਕੱਪ ਦਿਓਗੇ ?

(ਅ) ਮੈਨੂੰ ਚਾਹ ਦਾ ਕੱਪ ਦਿਓਗੇ ?

(ੲ) ਕੀ ਮੈਨੂੰ ਚਾਹ ਦਾ ਕੱਪ ਮਿਲ ਸਕਦਾ ਹੈ ?

(ਸ) ਮੈਨੂੰ ਚਾਹ ਦਾ ਕੱਪ ਦਿਓ ।

**3.** ਹੇਠ ਲਿਖੇ ਪ੍ਰਸ਼ਨਾਂ ਦੇ ਬਹੁਵਿਕਲਪੀ ਉੱਤਰਾਂ ਵਿੱਚੋਂ ਸਹੀ ਉੱਤਰ ਚੁਣੋ : *1×4=4*

(i) ਪੰਜਾਬ ਦੇ ਜੰਮਿਆਂ ਨੂੰ ___________ ਮੁਹਿੰਮਾਂ । ਇਸ ਅਖਾਣ ਨੂੰ ਹੇਠ ਲਿਖੇ ਸ਼ਬਦਾਂ ਵਿਚੋਂ ਇੱਕ ਸ਼ਬਦ ਚੁਣ ਕੇ ਪੂਰਾ ਕਰੋ :

(ੳ) ਕਦੇ ਕਦੇ

(ਅ) ਹਰ ਸਾਲ

(ੲ) ਨਿੱਤ

(ਸ) ਵੱਡੇ ਹੁੰਦਿਆਂ

(ii) ਉਲਟੀ ਵਾੜ ਖੇਤ ਨੂੰ _____________ ਇਹ ਅਖਾਣ ਹੇਠ ਲਿਖਿਆਂ ਵਿੱਚੋ ਸਹੀ ਸ਼ਬਦ ਵਰਤਕੇ ਪੂਰਾ ਕਰੋ :

(ੳ) ਸਜਾਏ

(ਅ) ਸਾੜੇ

(ੲ) ਬਚਾਏ

(ਸ) ਖਾਏ

(iii) 'ਇੱਕ ਅਨਾਰ ਸੌ ਬਿਮਾਰ' ਅਖਾਣ ਕਿਹੜੇ ਵਿਸ਼ੇਸ਼ ਮੌਕੇ ਉੱਤੇ ਵਰਤਿਆ ਜਾਂਦਾ ਹੈ ?

(ੳ) ਜਦੋਂ ਚੀਜ਼ ਘੱਟ ਹੋਵੇ ਪਰ ਚਾਹਵਾਨ ਵੱਧ ਹੋਣ ।

(ਅ) ਜਦੋਂ ਕੋਈ ਵਿਅੱਕਤੀ ਕੁਝ ਨਾ ਕਰਨ ਜੋਗਾ ਹੋਵੇ ।

(ੲ) ਜਦੋਂ ਲਾਰੇ ਕਿਸੇ ਹੋਰ ਨੂੰ ਲਾਉਣੇ ਤੇ ਕੰਮ ਕਿਸੇ ਹੋਰ ਦਾ ਕਰਨਾ ।

(ਸ) ਜਦੋਂ ਵਿਖਾਇਆ ਕੁਝ ਹੋਰ ਜਾਵੇ ਤੇ ਕੀਤਾ ਕੁਝ ਹੋਰ ਜਾਵੇ ।

(iv) 'ਜਦੋਂ ਆਪ ਤੋਂ ਤਾਂ ਕੁਝ ਹੋਵੇ ਨਾ, ਪਰ ਦੋਸ਼ ਦੂੱਜਿਆਂ ਨੂੰ ਦਿੱਤਾ ਜਾਵੇ, ਤਾਂ ਇਸ ਲਈ ਹੇਠ ਲਿਖਿਆਂ ਵਿੱਚੋਂ ਢੁਕਵਾਂ ਅਖਾਣ ਚੁਣੋ :

(ੳ) ਦੀਵੇ ਥੱਲੇ ਹਨੇਰਾ ।

(ਅ) ਛੋਟਾ ਮੂੰਹ ਤੇ ਵੱਡੀ ਗੱਲ ।

(ੲ) ਪੱਲੇ ਨਹੀਂ ਧੇਲਾ ਕਰਦੀ ਮੇਲਾ ਮੇਲਾ ।

(ਸ) ਉੱਠ ਨਾ ਸਕਾਂ ਫਿੱਟੇ ਮੂੰਹ ਗੋਡਿਆਂ ਦਾ ।

**4.** ਹੇਠ ਲਿਖੇ ਪ੍ਰਸ਼ਨਾਂ ਦੇ ਬਹੁਵਿਕਲਪੀ ਉੱਤਰਾਂ ਵਿੱਚੋਂ ਸਹੀ ਉੱਤਰ ਚੁਣੋ : *1×4=4*

(i) ਹੇਠ ਲਿਖਿਆਂ ਵਿੱਚੋਂ 'ਇੱਟ ਨਾਲ ਇੱਟ ਖੜਕਾਉਣਾ' ਮੁਹਾਵਰੇ ਦੇ ਸਹੀ ਅਰਥ ਚੁਣੋ :

(ੳ) ਇੱਟਾਂ ਮਾਰਨਾ

(ਅ) ਮਕਾਨ ਢਹਿ ਜਾਣਾ

(ੲ) ਨਿਸ਼ਾਨਾ ਲਾਉਣਾ

(ਸ) ਤਬਾਹ ਕਰ ਦੇਣਾ

(ii) ਹੇਠ ਲਿਖਿਆਂ ਵਿੱਚੋਂ 'ਬਹੁਤਾ ਪਿਆਰਾ' ਅਰਥ ਲਈ ਸਹੀ ਮੁਹਾਵਰਾ ਚੁਣੋ :

(ੳ) ਸਿਰ ਤੇ ਹੱਥ ਰੱਖਣਾ

(ਅ) ਸੋਹਲੇ ਗਾਉਣਾ

(ੲ) ਅੱਖਾਂ ਦਾ ਤਾਰਾ

(ਸ) ਇੱਕ ਅੱਖ ਨਾਲ ਵੇਖਣਾ

(iii) 'ਗ਼ਰੀਬ ਵਿਅਕਤੀਆਂ ਲਈ ਅੱਜ-ਕੱਲ੍ਹ ਦੋ ਵਕਤ ਦੀ ਰੋਟੀ ਖਾਣੀ ਵੀ ਮੁਸ਼ਕਿਲ ਹੋ ਗਈ ਹੈ, ਕਿਉਂ ਕਿ ਨਿੱਤ ਵਰਤੋਂ ਦੀਆਂ ਚੀਜ਼ਾਂ ਵੀ ____________ ਵਿਕ ਰਹੀਆਂ ਹਨ ।' ਇਸ ਲਈ ਹੇਠ ਲਿਖਿਆਂ ਵਿੱਚੋਂ ਢੁਕਵਾਂ ਮੁਹਾਵਰਾ ਚੁਣ ਕੇ ਖਾਲੀ ਥਾਂ ਵਿੱਚ ਭਰੋ ।

(ੳ) ਹੱਥ ਤੰਗ ਹੋਣਾ

(ਅ) ਅੱਗ ਲਾਉਣੀ

(ੲ) ਹੱਥ ਮਲਣੇ

(ਸ) ਅੱਗ ਦੇ ਭਾਅ ਹੋਣਾ

(iv) 'ਪੁਰਾਣੀਆਂ ਰਸਮਾਂ ਤੇ ਚਲਣਾ' ਹੇਠ ਲਿਖਿਆਂ ਵਿੱਚੋਂ ਕਿਹੜੇ ਮੁਹਾਵਰੇ ਦਾ ਅਰਥ ਹੈ ?

(ੳ) ਮੱਥਾ ਲਾਉਣਾ

(ਅ) ਲਹਿਰ ਬਹਿਰ ਹੋਣਾ

(ੲ) ਲਕੀਰ ਦੇ ਫ਼ਕੀਰ ਹੋਣਾ

(ਸ) ਦੂਰੋਂ ਮੱਥਾ ਟੇਕਣਾ

**5.** ਹੇਠ ਲਿਖੇ ਪ੍ਰਸ਼ਨਾਂ ਦੇ ਬਹੁਵਿਕਲਪੀ ਉੱਤਰਾਂ ਵਿੱਚੋਂ ਸਹੀ ਉੱਤਰ ਚੁਣੋ : *1×4=4*

(i) ਹੇਠ ਲਿਖਿਆਂ ਵਿੱਚੋਂ ਸ਼ੁੱਧ ਸ਼ਬਦ ਚੁਣੋ :

(ੳ) ਮਨਦਰ

(ਅ) ਮੰਦਰ

(ੲ) ਮਦਰ

(ਸ) ਮਣਦਰ

(ii) ਅੰਕਿਤ ਨੇ ਪ੍ਰੀਖਿਆ ਵਿੱਚ ਚੰਗੇ ਅੰਕ ਪ੍ਰਾਪਤ ਕਰਨ ਲਈ ____________ ਮਿਹਨਤ ਕੀਤੀ । ਹੇਠ ਲਿਖਿਆਂ ਵਿੱਚੋਂ ਚੁਣ ਕੇ ਸ਼ੁੱਧ ਸ਼ਬਦ ਭਰੋ :

(ੳ) ਬੌਹਤ

(ਅ) ਬਹੋਤ

(ੲ) ਬੁਹਤ

(ਸ) ਬਹੁਤ

(iii) ਹੇਠ ਲਿਖਿਆਂ ਵਿੱਚੋਂ ਸ਼ੁੱਧ ਵਾਕ ਚੁਣੋ :

(ੳ) ਇੱਕ ਫੁੱਲਾਂ ਦਾ ਹਾਰ ਲੈ ਕੇ ਆਓ ।

(ਅ) ਫੁੱਲਾਂ ਦਾ ਇੱਕ ਹਾਰ ਲੈ ਕੇ ਆਓ ।

(ੲ) ਫੁੱਲਾਂ ਦਾ ਹਾਰ ਇੱਕ ਲਿਆਓ ।

(ਸ) ਫੁੱਲਾਂ ਦਾ ਹਾਰ ਲਿਆਓ ਇੱਕ ।

(iv) ਹੇਠ ਲਿਖਿਆਂ ਵਿੱਚੋਂ ਸ਼ੁੱਧ ਵਾਕ ਚੁਣੋ :

(ੳ) ਆਪਣੀ ਗਲੀ ਵਿੱਚ ਸ਼ੇਰ ਵੀ ਸ਼ੇਰ ਹੁੰਦਾ ਹੈ ।

(ਅ) ਆਪਣੀ ਗਲੀ ਵਿੱਚ ਸ਼ੇਰ ਵੀ ਕੁੱਤਾ ਹੁੰਦਾ ਹੈ ।

(ੲ) ਆਪਣੀ ਗਲੀ ਵਿੱਚ ਕੁੱਤਾ ਵੀ ਸ਼ੇਰ ਹੁੰਦਾ ਹੈ ।

(ਸ) ਆਪਣੀ ਗਲੀ ਵਿੱਚ ਕੁੱਤਾ ਤਾਂ ਕੁੱਤਾ ਹੁੰਦਾ ਹੈ ।

**III. 1.** ਆਪਣੀਆਂ ਪਾਠ-ਪੁਸਤਕਾਂ ਦੇ ਆਧਾਰ ਉੱਤੇ 40 – 50 ਸ਼ਬਦਾਂ ਦੇ ਉੱਤਰ ਲਿਖੋ : *2×10=20*

(i) 'ਗਸ਼ਤ' ਤੋਂ ਕੀ ਭਾਵ ਹੈ, ਕਹਾਣੀ ਦੇ ਆਧਾਰ ਤੇ ਲਿਖੋ ।

(ii) 'ਕਸਤੂਰੀ ਵਾਲਾ ਮਿਰਗ' ਕਹਾਣੀ ਵਿੱਚ ਕਸਤੂਰੀ ਵਾਲਾ ਮਿਰਗ ਕਿਸ ਨੂੰ ਕਿਹਾ ਗਿਆ ਹੈ ਤੇ ਕਿਉਂ ?

(iii) ਚੌਂਕੀ ਇੰਚਾਰਜ ਮੁਖਤਿਆਰ ਸਿੰਘ ਅਸਲ ਵਿੱਚ ਕਿਹੜੀ ਗਸ਼ਤ ਉੱਤੇ ਨਿਕਲਦਾ ਹੈ ਤੇ ਕਿਉਂ ?

(iv) ਬਾਬਾ ਸੋਹਨ ਸਿੰਘ ਭਕਨਾ ਕੌਣ ਸਨ ? ਉਹਨਾਂ ਨੇ 'ਕਾਮਾਗਾਟਾਮਾਰੂ' ਦੇ ਮੁਸਾਫ਼ਰਾਂ ਉੱਤੇ ਕੀ ਪ੍ਰਭਾਵ ਪਾਇਆ ?

(v) ਨੌਵੇਂ ਗੁਰੂ ਜੀ ਦਾ ਨਾਂ ਤਿਆਗਮਲ ਤੋਂ ਤੇਗਬਹਾਦਰ ਕਿਵੇਂ ਪਿਆ ?

(vi) ਪੰਜਾਬ ਵਿੱਚ ਇਸਾਈ ਮਿਸ਼ਨਰੀਆਂ ਦਾ ਕੇਂਦਰ ਕਿੱਥੇ ਸੀ ਉਸ ਦੇ ਪ੍ਰਭਾਵ ਤੋਂ ਬਚਾਉਣ ਲਈ ਸਤਿਗੁਰੂ ਰਾਮ ਸਿੰਘ ਨੇ ਕੀ ਕੀਤਾ ?

(vii) ਕਿਸ ਘਟਨਾ ਤੋਂ ਲੇਖਕ ਨੂੰ ਇਹ ਇਹਸਾਸ ਹੁੰਦਾ ਹੈ, ਕਿ ਅਸੀਂ ਜ਼ਿਹਨੀ ਤੌਰ ਉੱਤੇ ਅੰਗਰੇਜ਼ਾਂ ਦੇ ਗ਼ੁਲਾਮ ਹਾਂ ।

(viii) ਗੁਲਾਮ ਮੁਹੰਮਦ ਕੌਣ ਸੀ ? ਲੇਖਕ ਬਲਰਾਜ ਸਾਹਨੀ ਉਸਨੂੰ ਮਿਲ ਕੇ ਕਿਵੇਂ ਮਹਿਸੂਸ ਕਰਦਾ ਹੈ ?

(ix) ਬਾਬਾ ਗੁਰਦਿੱਤ ਸਿੰਘ ਨੇ ਕਿਸ ਇਰਾਦੇ ਨਾਲ ਜਹਾਜ਼ ਕਿਰਾਏ ਉੱਤੇ ਲਿਆ ਸੀ ?

(x) ਲੱਖੀ ਸ਼ਾਹ ਵਣਜਾਰਾ ਕੌਣ ਸੀ ? ਉਸ ਨੇ ਕੀ ਵਿਸ਼ੇਸ਼ ਗੱਲ ਕੀਤੀ ?

2. (i) 'ਕੋਊ ਨ ਨਿਬਹਿਉ ਸਾਥਿ' ਇਕਾਂਗੀ ਤੋਂ ਤੁਹਾਨੂੰ ਸਾਡੇ ਸਮਾਜਕ-ਵਰਤਾਰੇ ਬਾਰੇ ਕੀ ਪਤਾ ਚਲਦਾ ਹੈ ? ਉੱਤਰ ਲਗਪਗ 100 – 125 ਸ਼ਬਦਾਂ ਵਿੱਚ ਲਿਖੋ । 5

(ii) 'ਕੂਕਾ ਲਹਿਰ' ਕੇਵਲ ਧਾਰਮਕ ਲਹਿਰ ਹੀ ਨਹੀਂ ਸੀ ਸਗੋਂ ਇੱਕ ਸਮਾਜ ਸੁਧਾਰਕ ਅਤੇ ਇਸ ਤੋਂ ਵੀ ਵੱਧ ਰਾਜਨੀਤਕ ਜਥੇਬੰਦੀ ਸੀ । ਇਸ ਕਥਨ ਨਾਲ ਤੁਸੀਂ ਕਿੱਥੋਂ ਤੱਕ ਸਹਿਮਤ ਹੋ ? ਉੱਤਰ ਲਗਪਗ 100 – 125 ਸ਼ਬਦਾਂ ਵਿੱਚ ਲਿਖੋ । 5

**ਜਾਂ**

'ਨਾਦਰਸ਼ਾਹ' ਨੇ ਚੁਬਾਰੇ ਵਿੱਚ ਜਾ ਕੇ ਕੀ ਵੇਖਿਆ ? ਉਹ ਉਸਤੋਂ ਕਿਵੇਂ ਪ੍ਰਭਾਵਿਤ ਹੋਇਆ ?

3. ਹੇਠਾਂ ਦਿਤੇ ਗਏ ਹਰ ਪ੍ਰਸ਼ਨ ਦੇ ਚਾਰ-ਚਾਰ ਵਿਕਲਪੀ ਉੱਤਰ ਦਿਤੇ ਗਏ ਹਨ । ਸਹੀ ਵਿਕਲਪ ਚੁਣੋ : *1×10=10*

(i) 'ਮੈਨੂੰ ਉਹਨਾਂ ਦੀ ਬੇਸਮਝੀ ਅਤੇ ਅੜੀ ਉੱਤੇ ਅਕੇਵਾਂ ਵੀ ਹੋ ਰਿਹਾ ਸੀ ਤੇ ਗੁੱਸਾ ਵੀ ਆ ਰਿਹਾ ਸੀ । ਮੇਰੀ ਕੋਈ ਵੀ ਦਲੀਲ ਬਤਖ਼ ਦੇ ਖੰਭਾ ਉੱਤੇ ਪਈ ਪਾਣੀ ਦੀ ਬੂੰਦ ਵਾਂਗ ਉਹਨਾਂ ਦੇ ਦਿਮਾਗ਼ ਵਿੱਚ ਅਟਕ ਨਹੀਂ ਸੀ ਰਹੀ ।'
'ਬਤਖ਼ ਦੇ ਖੰਭਾਂ ਉੱਤੇ ਪਈ ਪਾਣੀ ਦੀ ਬੂੰਦ ਵਾਂਗ' ਤੋਂ ਕੀ ਭਾਵ ਹੈ ?

(ੳ) ਗੱਲ ਸਮਝਣ ਦੀ ਕੋਸ਼ਿਸ਼ ਕਰਨਾ ।

(ਅ) ਪ੍ਰਭਾਵਿਤ ਨਾ ਕਰ ਸਕਣਾ ।

(ੲ) ਗੱਲ ਸਮਝਣ ਦੀ ਕੋਸ਼ਿਸ਼ ਨਾ ਕਰਨਾ ।

(ਸ) ਪ੍ਰਭਾਵਿਤ ਕਰਨਾ ।

(ii) "ਓ ਬਈ ਸਿੱਧੀ ਤਰ੍ਹਾਂ ਆਖ, ਸ਼ਿਕਾਰ ਭਾਲਣ ਗਏ ਐ"
ਸ਼ਿਕਾਰ ਭਾਲਣ ਤੋਂ ਥਾਣੇ ਦੇ ਵੱਡੇ ਅਫ਼ਸਰ ਦਾ ਕੀ ਭਾਵ ਹੈ ?

(ੳ) ਜੰਗਲ ਵਿੱਚ ਸ਼ਿਕਾਰ ਮਾਰਨ ਗਿਆ ਸੀ ।

(ਅ) ਬਜ਼ਾਰ ਵਿੱਚ ਦੁਕਾਨਦਾਰਾਂ ਅਤੇ ਰੇੜ੍ਹੀ ਵਾਲਿਆਂ ਤੋਂ ਰੁਹਬ ਨਾਲ ਪੈਸੇ ਵਸੂਲਣ ਗਿਆ ਸੀ ।

(ੲ) ਮਹਿਮਾਨ ਦੋਸਤ ਨੂੰ ਬਜ਼ਾਰ ਦਿਖਾਉਣ ਲਈ ਗਿਆ ਸੀ ।

(ਸ) ਇਲਾਕੇ ਵਿੱਚ ਚੋਰਾਂ, ਜੇਬ ਕਤਰਿਆਂ ਨੂੰ ਪਕੜਣ ਗਿਆ ਸੀ ।

(iii) ਗਰੀਨ ਹੋਟਲ ਦਾ ਮਾਲਕ ਅੰਦਰ ਕਿਉਂ ਖਿਸਕ ਗਿਆ ਸੀ ?

(ੳ) ਬਾਥ ਰੂਮ ਜਾਣਾ ਸੀ ।

(ਅ) ਫ਼ੋਨ ਸੁਣਨ ਲਈ ।

(ੲ) ਪੁਲਿਸ ਵਾਲੇ ਤੋਂ ਬਚਣ ਲਈ ।

(ਸ) ਕਿਸੇ ਨੇ ਵਾਜ ਮਾਰੀ ਸੀ ।

(iv) ਠੇਡਾ ਲੱਗਾ, ਡਿੱਗ ਪਿਆ ਮੂਧੜੇ-ਮੂੰਹ ਜਿਮੀ ਉੱਤੇ
ਉਸ ਵੇਲੇ ਮੁਠ ਵਿਚੋਂ ਦਿਲ ਇਹ ਪੁਕਾਰਿਆ ।
ਮੂਧੜੇ-ਮੂੰਹ ਡਿਗੱਣ ਵਾਲੇ ਦੀ ਮੁੱਠ ਵਿਚ ਕਿਸ ਦਾ ਦਿਲ ਸੀ ?

(ੳ) ਦੁਸ਼ਮਨ ਦਾ

(ਅ) ਸੁੰਦਰੀ ਦਾ

(ੲ) ਮਾਂ ਦਾ

(ਸ) ਆਪਣਾ

(v) ਇਸ ਧਰਤੀ ਵਿਚ ਕਲਗੀ ਵਾਲੇ ਦੇ ਘੋੜੇ ਦੇ ਸੁੰਮਾਂ ਦੀ ਟਾਪ ਲੱਗੀ ।
ਕਾਵਿ ਸਤਰ ਵਿਚ ਕਵੀ ਕਿਸ ਧਰਤੀ ਵਲ ਇਸ਼ਾਰਾ ਕਰਦਾ ਹੈ ?

(ੳ) ਰਾਜਸਥਾਨ

(ਅ) ਬਿਹਾਰ

(ੲ) ਮਹਾਰਾਸ਼ਟਰ

(ਸ) ਪੰਜਾਬ

(vi) ਝਨਾਂ ਤੇ ਰਾਵੀ ਤੇ ਸਤਿਲੁਜ ਤੇ ਬਿਆਸ ਤੇ
ਜੇਹਲਮ ਤੇ ਅਟਕ ਸਭ ਬਲ ਉੱਠੇ ਗੁਰੂ ਦਾ ਜਪ ਗਾਉਂਦੇ ।
ਝਨਾਂ, ਰਾਵੀ, ਸਤਿਲੁਜ, ਬਿਆਸ ਤੇ ਜਿਹਲਮ ਕੀ ਹਨ ?

(ੳ) ਜੰਗਲ

(ਅ) ਸ਼ਹਿਰ

(ੲ) ਦਰਿਆ

(ਸ) ਪਹਾੜ

(vii) "ਅਮਨ ਦਾ ਇਹ ਅਹਿਦਨਾਮਾ, ਆਓ ਦੁਨੀਆਂ ਵਾਲਿਓ ਦਸਖ਼ਤ ਕਰੋ"
ਵਿੱਚ ਅਹਿਦਨਾਮੇ ਤੋਂ ਕੀ ਭਾਵ ਹੈ ?

(ੳ) ਮੰਗ-ਪੱਤਰ

(ਅ) ਸੂਚੀ-ਪੱਤਰ

(ੲ) ਪ੍ਰਤਿੱਗਿਆ-ਪੱਤਰ

(ਸ) ਬਿਨੈ-ਪੱਤਰ

(viii) "ਜਿਸ ਨਾਰੀ ਵਿੱਚ ਮਮਤਾ ਦਾ ਸਤਿਕਾਰ ਨਹੀਂ ਹੈ,
ਉਸ ਨਾਰੀ ਵਿੱਚ, ਨਾਰੀ ਦਾ ਵਿਸਥਾਰ ਨਹੀਂ ਹੈ ।"
ਕਿਸ ਗੁਣ ਦੇ ਨਾ ਹੋਣ ਤੇ ਉਹ ਨਾਰੀ ਸੰਪੂਰਨ ਨਹੀਂ ਹੈ ?

(ੳ) ਮਧੁਰਤਾ

(ਅ) ਦਿਆਨਤਦਾਰੀ

(ੲ) ਮਮਤਾ

(ਸ) ਮਿਲਵਰਤਨ

(ix) "ਇਸ ਅਦਾਲਤ ਵਿੱਚ ਬੰਦੇ ਬਿਰਖ ਹੋ ਗਏ
ਫੈਸਲੇ ਸੁਣਦਿਆਂ ਸੁਣਦਿਆਂ ਸੁੱਕ ਗਏ ।"
ਕਿਹੋ ਜਿਹੇ ਬੰਦੇ ਬਿਰਖ ਹੋ ਜਾਂਦੇ ਹਨ ?

(ੳ) ਸਮਾਜ ਦੇ ਨੇਮਾਂ ਅਧੀਨ ਨਾ ਚਲਣ ਵਾਲੇ ।

(ਅ) ਆਪਣਾ ਰਾਹ ਤਲਾਸ਼ਣ ਵਾਲੇ ।

(ੲ) ਸਮਾਜ ਦੇ ਨੇਮਾਂ ਅਧੀਨ ਚਲਣ ਵਾਲੇ ।

(ਸ) ਬਿਰਖ ਲਗਾਉਣ ਵਾਲੇ ।

(x) "ਕਿੱਥੇ ਗਈਆਂ ਗਲੀਆਂ ਭਲੀਆਂ
ਜਿਸ ਘਰ ਚਾਹਾਂ ਆਵਾਂ ਜਾਵਾਂ"
ਕਿਹੜੇ ਸਮੇਂ ਵਿੱਚ ਲੋਕਾਂ ਵਿੱਚ ਆਪਣੇਪਨ ਦੀ ਸਾਂਝ ਸੀ ?

(ੳ) ਆਧੁਨਿਕ ਸਮੇਂ

(ਅ) ਪੁਰਾਣੇ ਸਮੇਂ

(ੲ) ਵਰਤਮਾਨ ਸਮੇਂ

(ਸ) ਇਹਨਾਂ ਵਿਚੋਂ ਕੋਈ ਨਹੀਂ

**IV. 1.** ਹੇਠ ਲਿਖੇ ਨੁਕਤਿਆਂ ਦੇ ਆਧਾਰ ਉਤੇ 'ਮੈਂ ਤੇ ਮੇਰੀ ਇੱਛਾ' ਵਿਸ਼ੇ ਤੇ ਲਗਪਗ 200 ਸ਼ਬਦਾਂ ਦਾ ਲੇਖ ਲਿਖੋ : *5*

ਨੁਕਤੇ :

(i) ਮਨ ਤੇ ਇਛਾਵਾਂ

(ii) ਕਈ ਵਾਰ ਗ਼ਲਤ ਇਛਾਵਾਂ ਦੀ ਧੁਨ

(iii) ਸੰਤੋਖੀ ਮਨੁੱਖ

(iv) ਜੀਵਨ ਦਾ ਉਦੇਸ਼

**ਜਾਂ**

ਹੇਠ ਲਿਖੇ ਨੁਕਤਿਆਂ ਦੇ ਆਧਾਰ ਤੇ "ਵਿਦਿਆ ਵੀਚਾਰੀ ਤਾਂ ਪਰਉਪਕਾਰੀ" ਵਿਸ਼ੇ ਉੱਤੇ ਲਗਪਗ 200 ਸ਼ਬਦਾਂ ਦਾ ਲੇਖ ਲਿਖੋ :

ਨੁਕਤੇ :

(i) ਵਿਦਿਆ ਦਾ ਮਹੱਤਵ

(ii) ਵਿਦਿਆ ਦਾ ਵਿਕਾਸ

(iii) ਜੀਵਨ ਜਾਚ

(iv) ਵਿਦਿਆ ਤੇ ਡਿਗਰੀ

(v) ਵਿਦਿਆ ਪਰਉਪਕਾਰੀ

**2.** ਹੇਠ ਲਿਖੇ ਨੁਕਤਿਆਂ ਦੇ ਅਧਾਰ ਉੱਤੇ, ਨਿੱਤ ਵਰਤੋਂ ਦੀਆਂ ਚੀਜਾਂ ਵਿੱਚ ਹੋ ਰਹੀ ਮਿਲਾਵਟ ਬਾਰੇ ਕਿਸੇ ਪੰਜਾਬੀ ਅਖ਼ਬਾਰ ਦੇ ਸੰਪਾਦਕ ਨੂੰ ਪੱਤਰ ਲਿਖੋ ਤੇ ਇਸ ਨੂੰ ਰੋਕਣ ਦੇ ਉਪਾਅ ਦੱਸੋ । *5*

ਨੁਕਤੇ :

(i) ਮਿਲਾਵਟ ਦੇ ਪ੍ਰਕਾਰ

(ii) ਬਿਮਾਰੀ

(iii) ਰੋਕਣ ਦੇ ਉਪਾਅ

(iv) ਸਰਕਾਰ ਦਾ ਦਖ਼ਲ ਜ਼ਰੂਰੀ

**ਜਾਂ**

ਹੇਠ ਲਿਖੇ ਨੁਕਤਿਆਂ ਦੇ ਆਧਾਰ ਤੇ ਸ਼ਹਿਰ ਵਿੱਚ ਬੱਚਿਆਂ ਦੇ ਚੁੱਕੇ ਜਾਣ ਦੀਆਂ ਵਧਦੀਆਂ ਵਾਰਦਾਤਾਂ ਬਾਰੇ ਪੁਲ਼ਿਸ ਕਮਿਸ਼ਨਰ ਨੂੰ ਪੱਤਰ ਲਿਖੋ, ਜਿਸ ਵਿੱਚ ਰੋਕਥਾਮ ਲਈ ਉਪਾਅ ਵੀ ਲਿਖੋ ।

ਨੁਕਤੇ :

(i) ਇਲਾਕੇ ਵਿੱਚ ਵਧਦੇ ਅਪਰਾਧਾਂ ਵੱਲ ਧਿਆਨ

(ii) ਮਾੜੇ ਅਨਸਰ ਦਾ ਨਿਡਰਤਾ ਨਾਲ ਘੁੰਮਣਾ

(iii) ਪੁਲਿਸ ਗਸ਼ਤ ਵਧਾਉਣ ਲਈ ਅਪੀਲ